HM Government

This document has been withdrawn as it is out of date. For the latest guidance go to: https://www.gov.uk/government/collections/hospital-discharge-service-guidance

NHS

# ਹਸਪਤਾਲ ਤੋਂ ਛੁੱਟੀ ਬਾਰੇ ਜਾਣਕਾਰੀ

ਇਹ ਮਹੱਤਵਪੂਰਨ ਹੈ ਕਿ ਸਾਡੇ ਹਸਪਤਾਲ ਉਹਨਾਂ ਲੋਕਾਂ ਦੀ ਦੇਖਭਾਲ ਕਰਨ ਲਈ ਤਿਆਰ ਹੋਣ ਜਿਨ੍ਹਾਂ ਨੂੰ ਕੋਰੋਨਾਵਾਇਰਸ (COVID-19) ਹੋਇਆ ਹੈ ਅਤੇ ਹਸਪਤਾਲ ਵਿੱਚ ਦੇਖਭਾਲ ਦੀ ਲੋੜ ਹੈ। ਇਨ੍ਹਾਂ ਦਬਾਵਾਂ ਦੇ ਕਾਰਨ, ਜਦੋਂ ਤੁਹਾਡੀ ਦੇਖਭਾਲ ਕਰਨ ਵਾਲੀ ਸਿਹਤ ਟੀਮ ਦੁਆਰਾ ਕੀਤੇ ਗਏ ਫੈਸਲੇ ਦੇ ਅਨੁਸਾਰ, ਤੁਹਾਨੂੰ ਹਸਪਤਾਲ ਵਿੱਚ ਦੇਖਭਾਲ ਦੀ ਲੋੜ ਨਹੀਂ ਹੋਵੇਗੀ, ਤੁਹਾਨੂੰ ਛੁੱਟੀ ਦੇ ਦਿੱਤੀ ਜਾਵੇਗੀ। ਤੁਹਾਡੇ ਕੋਲ ਆਪਣੀ ਛੁੱਟੀ ਬਾਰੇ ਚੋਣ ਨਹੀਂ ਹੋਵੇਗੀ, ਪਰ ਲੋਕਾਂ ਨੂੰ ਛੁੱਟੀ ਦੇ ਕੇ ਸੁਰੱਖਿਅਤ ਅਤੇ ਢੁਕਵੀਂ ਜਗ੍ਹਾ 'ਤੇ ਭੇਜਣਾ ਹਮੇਸ਼ਾ ਸਾਡੀ ਤਰਜੀਹ ਹੁੰਦੀ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ ਇਹ ਤੁਹਾਡਾ ਘਰ ਹੋਵੇਗਾ। ਤੁਹਾਨੂੰ ਕੁਝ ਵਧੇਰੇ ਸਹਾਇਤਾ ਦੀ ਲੋੜ ਹੋ ਸਕਦੀ ਹੈ, ਉਦਾਹਰਨ ਲਈ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਜਾਂ ਖਰੀਦਦਾਰੀ ਵਿੱਚ।

ਜੇ ਤੁਹਾਨੂੰ ਹਸਪਤਾਲ ਤੋਂ ਬਾਹਰ ਵਧੇਰੇ ਜਟਿਲ ਦੇਖਭਾਲ ਦੀ ਲੋੜ ਹੈ, ਇਹ ਭਾਈਚਾਰੇ ਵਿੱਚ ਕੋਈ ਹੋਰ ਸਥਾਨ ਹੋ ਸਕਦਾ ਹੈ, ਉਦਾਹਰਨ ਵਜੋਂ ਕੋਈ ਰਿਹਾਇਸ਼ੀ ਨਰਸਿੰਗ ਹੋਮ।

ਤੁਹਾਡੀਆਂ ਲੋੜਾਂ ਅਤੇ ਛੁੱਟੀ ਦੇ ਪ੍ਰਬੰਧਾਂ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

## ਕੋਰੋਨਾਵਾਇਰਸ ਕੀ ਹੈ?

COVID-19 ਇੱਕ ਨਵੀਂ ਬਿਮਾਰੀ ਹੈ ਜੋ ਫੇਫੜਿਆਂ ਅਤੇ ਸਾਹ ਮਾਰਗਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਹ ਕੋਰੋਨਵਾਇਰਸ ਨਾਮਕ ਵਾਇਰਸ ਦੇ ਕਾਰਨ ਹੁੰਦੀ ਹੈ।

ਇਸ ਵੇਲੇ ਕੋਈ ਖਾਸ ਇਲਾਜ ਨਹੀਂ ਹੈ ਅਤੇ ਇਸ ਬਿਮਾਰੀ ਵਾਲੇ ਕੁਝ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਉਣ ਦੀ ਲੋੜ ਹੋਵੇਗੀ।

ਤੁਸੀਂ ਕੋਰੋਨਾਵਾਇਰਸ ਅਤੇ ਇਸ ਨੂੰ ਫੈਲਣ ਤੋਂ ਰੋਕਣ ਦੇ ਬਿਹਤਰੀਨ ਤਰੀਕਿਆਂ ਬਾਰੇ ਵਧੇਰੇ ਜਾਣਕਾਰੀ www.nhs.uk/coronavirus 'ਤੇ ਜਾ ਕੇ ਲੱਭ ਸਕਦੇ ਹੋ